# ਪੰਜਾਬ ਐਜੂਸੈਟ ਸੁਸਾਇਟੀ

ਈ.ਬਲਾਕ, ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ
ਪੀ.ਐਸ.ਈ.ਬੀ.ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।
ਫੋਨ ਨੰ. 0172-5218801, ਈ-ਮੇਲ: edusat.punjab@punjabeducation.gov.in


ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ), ਪੰਜਾਬ।
2. ਐਜੂਸੈਟ ਸੁਵਿਧਾ ਵਾਲੇ (ਹਾਈ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।
3. ਸਮੂਹ ਸਕੂਲ ਮੁੱਖੀ (ਸਪ੍ਰਸ), ਪੰਜਾਬ (ਵੈਬਸਾਈਟ ਰਾਹੀਂ)।

ਮੀਮੋ ਨੰ.: 24/40/2019/ਪੀ.ਈ.ਐਸ/ਟਾਈਮ ਸ਼ਡਿਊਲ/98440
ਮਿਤੀ: ..28.. ਮਾਰਚ, 2019.

**ਵਿਸ਼ਾ: ਪੰਜਾਬ ਐਜੂਸੈਟ ਸੁਸਾਇਟੀ ਦੁਆਰਾ ਪ੍ਰਸਾਰਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਸੈਸ਼ਨ 2019-20 ਸਬੰਧੀ ਐਜੂਸੈਟ ਟਾਈਮ ਟੇਬਲ ਆਪ ਜੀ ਨੂੰ ਇਸ ਦਫਤਰ ਦੇ ਪੱਤਰ ਨੰ. 24/40/2019/ਪੀ.ਈ.ਐਸ/ਸੈਕਟੋਰਲ ਕਮੇਟੀ/9573, ਮਿਤੀ 25.03.2019 ਅਨੁਸਾਰ ਪਹਿਲਾਂ ਹੀ ਭੇਜ ਦਿੱਤਾ ਗਿਆ ਹੈ, ਪ੍ਰੰਤੂ ਮਿਤੀ 01.04.2019 ਤੋਂ 12.04.2019 ਤੱਕ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਰੋਹ ਅਤੇ ਜਲਿਆਂਵਾਲਾ ਬਾਗ ਦੇ ਸਾਕੇ ਦੇ 100 ਸਾਲਾਂ ਸਬੰਧੀ ਐਜੂਸੈਟ ਰਾਹੀਂ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾਣਗੇ। ਇਸ ਦੇ ਨਾਲ-ਨਾਲ ਸਾਇੰਸ ਗਰੁੱਪ ਦੇ 12ਵੀਂ ਜਮਾਤ ਦੀ ਪ੍ਰੀਖਿਆ ਦੇ ਚੁੱਕੇ ਵਿਦਿਆਰਥੀਆਂ ਲਈ ਵਿਸ਼ੇਸ਼ ਕਰੈਸ਼ ਕੋਰਸ ਪ੍ਰੋਗਰਾਮ ਮਿਤੀ 01.04.2019 ਤੋਂ 30.04.2019 ਤੱਕ ਚਲਾਇਆ ਜਾਵੇਗਾ। ਮਿਤੀ 15.04.2019 ਤੋਂ 30.04.2019 ਤੱਕ ਅੱਧੀ ਛੁੱਟੀ ਤੋਂ ਬਾਅਦ ਵਾਲੇ ਲੈਕਚਰ ਐਜੂਸੈਟ ਦੇ ਭੇਜੇ ਗਏ ਟਾਈਮ-ਟੇਬਲ ਅਨੁਸਾਰ ਪ੍ਰਸਾਰਿਤ ਕੀਤੇ ਜਾਣਗੇ।

3.0 ਮਿਤੀ 01.04.2019 ਤੋਂ 30.04.2019 ਤੱਕ 12ਵੀਂ ਜਮਾਤ ਦੇ ਬੋਰਡ ਦੀ ਪ੍ਰੀਖਿਆ ਦੇ ਚੁੱਕੇ ਵਿਦਿਆਥੀਆਂ ਲਈ ਮੁਕਾਬਲੇ ਦੀ ਪ੍ਰੀਖਿਆ (JEE/NEET/AIIMS/Para-Medical/Nursing) ਅਤੇ ਇਸ ਤੋਂ ਇਲਾਵਾ ਹੋਰ ਯੂਨੀਵਰਸਿਟੀ/ ਕਾਲਜਾਂ ਵਿੱਚ ਗਰੈਜੂਏਸ਼ਨ ਪੱਧਰ ਦੇ ਕੋਰਸਾਂ ਵਿੱਚ ਦਾਖਲਾ ਲੈਣ ਲਈ ਐਜੂਸੈਟ ਰਾਹੀਂ ਕਰੈਸ਼ ਕੋਰਸ ਪ੍ਰੋਗਰਾਮ ਨਸ਼ਰ ਕਰਵਾਇਆ ਜਾ ਰਿਹਾ ਹੈ, ਜਿਸ ਦੀ ਹਫਤਾਵਾਰ ਸਮਾ ਸਾਰਣੀ ਹੇਠ ਲਿਖੇ ਅਨੁਸਾਰ ਹੈ: -

| ਲੜੀ ਨੰ. | ਮਿਤੀ | ਦਿਨ | ਟਾਈਮ | ਵਿਸ਼ਾ |
|---|---|---|---|---|
| 1. | 01.04.2019 ਤੋਂ 30.04.2019 | ਸੋਮਵਾਰ, ਬੁੱਧਵਾਰ, ਸ਼ੁਕਰਵਾਰ | 09:00 ਤੋਂ 10:15 ਵਜੇ ਤੱਕ | ਕਮਿਸਟਰੀ |
| 2. | | | 10:20 ਤੋਂ 11:40 ਤ ਵਜੇ ਤੱਕ | ਫਿਜਿਕਸ |
| 3. | | ਮੰਗਲਵਾਰ, ਵੀਰਵਾਰ, ਸ਼ਨੀਵਾਰ | 09:00 ਤੋਂ 10:15 ਵਜੇ ਤੱਕ | ਹਿਸਾਬ |
| 4. | | | 10:20 ਤੋਂ 11:40 ਵਜੇ ਤੱਕ | ਬਾਇਓਲੋਜੀ |

4.0 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਇਹ ਯਕੀਨੀ ਬਣਾਉਣਗੇ ਕਿ ਉਕਤ ਪ੍ਰੋਗਰਾਮ ਸਬੰਧੀ ਸਾਇੰਸ ਸਟ੍ਰੀਮ ਦੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਖਤਮ ਹੋਣ ਤੋਂ ਪਹਿਲਾਂ ਸਮੇਂ ਸਿਰ ਸੂਚਿਤ ਕੀਤਾ ਜਾਵੇ ਅਤੇ ਉਹਨਾਂ ਨੂੰ ਇਸ ਪ੍ਰੋਗਰਾਮ ਦਾ ਲਾਭ ਲੈਣ ਲਈ ਵੱਧ ਤੋਂ ਵੱਧ ਪ੍ਰੋਤਸਾਹਿਤ ਕੀਤਾ ਜਾਵੇ। ਇਹ ਕਰੈਸ਼ ਕੋਰਡ ਅਟੈਂਡ ਕਰਨ ਵਾਲੇ ਵਿਦਿਆਥੀਆਂ ਦਾ ਵੇਰਵਾ ਰੱਖਿਆ ਜਾਵੇ ਅਤੇ ਵੱਖ-ਵੱਖ ਸੰਸਥਾਵਾਂ ਵਿੱਚ ਚੁਣੇ ਜਾਣ ਵਾਲੇ ਵਿਦਿਆਰਥੀਆਂ ਦੀ

ਮੁਕੰਮਲ ਰਿਪੋਰਟ ਇਸ ਦਫਤਰ ਨੂੰ ਈ-ਮੇਲ edusatfeedback@punjabeducation.gov.in ਰਾਹੀਂ ਅੱਪਡੇਟ ਕੀਤੀ ਜਾਵੇ।

5.0 **ਵਿਸ਼ੇਸ਼ ਪ੍ਰੋਗਰਾਮ:** ਪੰਜਾਬ ਸਰਕਾਰ ਵੱਲੋਂ ਜਲਿਆਂਵਾਲੇ ਬਾਗ ਦੇ ਸਾਕੇ ਦੀ 100 ਸਾਲਾ ਸ਼ਤਾਬਦੀ ਸਬੰਧੀ ਫਿਲਮ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ 550 ਸਾਲਾ ਸਮਾਰੋਹ ਸਬੰਧੀ 01.04.2019 ਤੋਂ 12.04.2019 ਤੱਕ ਪ੍ਰੋਗਰਾਮ ਅਤੇ ਹੋਰ ਵਿਸ਼ੇਸ਼ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਚਲਾਇਆ ਜਾਵੇਗਾ:

| ਲੜੀ ਨੰ. | ਮਿਤੀ | ਟਾਈਮ | ਜਮਾਤ | ਵਿਸ਼ਾ |
|---|---|---|---|---|
| 1. | 01.04.2019 | 12:00 ਤੋਂ 12:40 ਵਜੇ ਤੱਕ | 12ਵੀਂ | ਜਲਿਆਂਵਾਲਾ ਬਾਗ ਦੇ ਸਾਕੇ ਸਬੰਧੀ ਵਿਸ਼ੇਸ਼ ਪ੍ਰੋਗਰਾਮ |
| | | 12:40 ਤੋਂ 01:20 ਵਜੇ ਤੱਕ | 11ਵੀਂ | ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ 550 ਸਾਲਾ ਸਮਾਰੋਹ |
| 2. | 02.04.2019 | 12:00 ਤੋਂ 12:40 ਵਜੇ ਤੱਕ | 11ਵੀਂ | ਜਲਿਆਂਵਾਲਾ ਬਾਗ ਦੇ ਸਾਕੇ ਸਬੰਧੀ ਵਿਸ਼ੇਸ਼ ਪ੍ਰੋਗਰਾਮ |
| | | 12:40 ਤੋਂ 01:20 ਵਜੇ ਤੱਕ | 12ਵੀਂ | ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ 550 ਸਾਲਾ ਸਮਾਰੋਹ |
| 3. | 03.04.2019 | 12:00 ਤੋਂ 12:40 ਵਜੇ ਤੱਕ | 10ਵੀਂ | ਜਲਿਆਂਵਾਲਾ ਬਾਗ ਦੇ ਸਾਕੇ ਸਬੰਧੀ ਵਿਸ਼ੇਸ਼ ਪ੍ਰੋਗਰਾਮ |
| | | 12:40 ਤੋਂ 01:20 ਵਜੇ ਤੱਕ | 9ਵੀਂ | ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ 550 ਸਾਲਾ ਸਮਾਰੋਹ |
| 4. | 04.04.2019 | 12:00 ਤੋਂ 12:40 ਵਜੇ ਤੱਕ | 9ਵੀਂ | ਜਲਿਆਂਵਾਲਾ ਬਾਗ ਦੇ ਸਾਕੇ ਸਬੰਧੀ ਵਿਸ਼ੇਸ਼ ਪ੍ਰੋਗਰਾਮ |
| | | 12:40 ਤੋਂ 01:20 ਵਜੇ ਤੱਕ | 10ਵੀਂ | ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ 550 ਸਾਲਾ ਸਮਾਰੋਹ |
| 5. | 05.04.2019 | 12:00 ਤੋਂ 12:40 ਵਜੇ ਤੱਕ | 8ਵੀਂ | ਜਲਿਆਂਵਾਲਾ ਬਾਗ ਦੇ ਸਾਕੇ ਸਬੰਧੀ ਵਿਸ਼ੇਸ਼ ਪ੍ਰੋਗਰਾਮ |
| | | 12:40 ਤੋਂ 01:20 ਵਜੇ ਤੱਕ | 7ਵੀਂ | ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ 550 ਸਾਲਾ ਸਮਾਰੋਹ |
| 6. | 06.04.2019 | 12:00 ਤੋਂ 12:40 ਵਜੇ ਤੱਕ | 7ਵੀਂ | ਜਲਿਆਂਵਾਲਾ ਬਾਗ ਦੇ ਸਾਕੇ ਸਬੰਧੀ ਵਿਸ਼ੇਸ਼ ਪ੍ਰੋਗਰਾਮ |
| | | 12:40 ਤੋਂ 01:20 ਵਜੇ ਤੱਕ | 8ਵੀਂ | ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ 550 ਸਾਲਾ ਸਮਾਰੋਹ |
| 7. | 08.04.2019 | 12:00 ਤੋਂ 12:40 ਵਜੇ ਤੱਕ | 6ਵੀਂ | ਜਲਿਆਂਵਾਲਾ ਬਾਗ ਦੇ ਸਾਕੇ ਸਬੰਧੀ ਵਿਸ਼ੇਸ਼ ਪ੍ਰੋਗਰਾਮ |
| 8. | 09.04.2019 | 12:00 ਤੋਂ 12:40 ਵਜੇ ਤੱਕ | ਚੌਥੀ ਅਤੇ ਪੰਜਵੀਂ | ਜਲਿਆਂਵਾਲਾ ਬਾਗ ਦੇ ਸਾਕੇ ਸਬੰਧੀ ਵਿਸ਼ੇਸ਼ ਪ੍ਰੋਗਰਾਮ |
| 9. | 10.04.2019 | 12:00 ਤੋਂ 12:40 ਵਜੇ ਤੱਕ | ਪਹਿਲੀ ਤੋਂ ਤੀਜੀ | ਜਲਿਆਂਵਾਲਾ ਬਾਗ ਦੇ ਸਾਕੇ ਸਬੰਧੀ ਵਿਸ਼ੇਸ਼ ਪ੍ਰੋਗਰਾਮ |
| 10. | 11.04.2019 | 12:00 ਤੋਂ 12:40 ਵਜੇ ਤੱਕ | ਚੌਥੀ ਅਤੇ ਪੰਜਵੀਂ | ਜਲਿਆਂਵਾਲਾ ਬਾਗ ਦੇ ਸਾਕੇ ਸਬੰਧੀ ਵਿਸ਼ੇਸ਼ ਪ੍ਰੋਗਰਾਮ (ਰਿਪੀਟ) |
| 11. | 12.04.2019 | 12:00 ਤੋਂ 12:40 ਵਜੇ ਤੱਕ | ਪਹਿਲੀ ਤੋਂ ਤੀਜੀ | ਜਲਿਆਂਵਾਲਾ ਬਾਗ ਦੇ ਸਾਕੇ ਸਬੰਧੀ ਵਿਸ਼ੇਸ਼ ਪ੍ਰੋਗਰਾਮ (ਰਿਪੀਟ) |

ਉਪਰੋਕਤ ਦਰਸਾਏ ਪ੍ਰੋਗਰਾਮ ਐਜੂਸੈਟ ਸੁਵਿਧਾ ਵਾਲੇ ਸਕੂਲਾਂ ਵਿੱਚ ਪ੍ਰਸਾਰਿਤ ਕੀਤੇ ਜਾਣਗੇ। ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਇਹਨਾਂ ਪ੍ਰੋਗਰਾਮਾਂ ਵਿੱਚ ਵਿਦਿਆਰਥੀਆਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ ਅਤੇ ਐਜੂਸੈਟ ਆਰ.ਓ.ਟੀ ਚਾਲੂ ਹਾਲਤ ਵਿੱਚ ਰੱਖਣਾ ਯਕੀਨੀ

ਬਣਾਉਣ ਲਈ ਸਬੰਧਤ ਜਿਲ੍ਹਾ ਐਜੂਸੈਟ ਕੋਆਰਡੀਨੇਟਰਜ਼ ਨੂੰ ਹਦਾਇਤ ਕਰ ਦਿੱਤੀ ਜਾਵੇ। ਲੜੀ ਨੰ. 8 ਤੋਂ 11 ਸਬੰਧੀ ਹਦਾਇਤ ਕੀਤੀ ਜਾਂਦੀ ਹੈ ਕਿ ਜਿਹੜੇ ਪ੍ਰਾਇਮਰੀ ਸਕੂਲ ਆਰ.ਓ.ਟੀ ਸੁਵਿਧਾ ਵਾਲੇ ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਦੇ ਕੈਂਪਸ ਵਿੱਚ ਹਨ ਜਾਂ ਬਿਲਕੁਲ ਨਜ਼ਦੀਕ ਹਨ, ਉਹਨਾਂ ਪ੍ਰਾਇਮਰੀ ਸਕੂਲਾਂ ਦੇ ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਇਹ ਪ੍ਰੋਗਰਾਮ ਦਿਖਾਇਆ ਜਾਵੇ। ਪ੍ਰਾਇਮਰੀ ਜਮਾਤਾਂ ਦੇ ਸਬੰਧਤ ਅਧਿਆਪਕ ਸ਼ਡਿਊਲ ਅਨੁਸਾਰ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਵਿਦਿਆਰਥੀਆਂ ਦੇ ਨਾਲ ਜਾਣਗੇ।

6.0 ਇਸ ਤੋਂ ਇਲਾਵਾ ਪ੍ਰੋਗਰਾਮਾਂ ਨੂੰ ਹੋਰ ਵਧੀਆ ਬਣਾਉਣ ਲਈ ਕ੍ਰਿਪਾ ਕਰਕੇ ਆਪਣੀ ਰਾਏ ਈ-ਮੇਲ edusatfeedback@punjabeducation.gov.in ਤੇ ਭੇਜੀ ਜਾਵੇ। ਫੀਡਬੈਕ ਦੇਣ ਲਈ https://goo.gl/forms/xVw2bdM4effysZhB3 ਲਿੰਕ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

**ਮੁਹੰਮਦ ਤਇਅਬ, ਆਈ.ਏ.ਐਸ**
**ਡੀ.ਜੀ.ਐਸ.ਈ-ਕਮ-ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਐਜੂਸੈਟ ਸੁਸਾਇਟੀ**

**ਪਿੱਠ ਅੰਕਣ ਨੰ.: 24/40/2019/ਪੀ.ਈ.ਐਸ/ਟਾਈਮ ਸ਼ਡਿਊਲ/**੭੨੩ **ਮਿਤੀ:** 28/03/2019.

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ: -

1. ਸਕੱਤਰ, ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦਾ ਵਿਭਾਗ ਨੂੰ ਜਾਣਕਾਰੀ ਹਿੱਤ।
2. ਡੀ.ਪੀ.ਆਈ.(ਸੈ.ਸਿ/ਐ.ਸਿ) ਪੰਜਾਬ।
3. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
4. ਸ਼੍ਰੀ ਜਰਨੈਲ ਸਿੰਘ, ਸਹਾਇਕ ਡਾਇਰੈਕਟਰ, ਦਫਤਰ ਐਸ.ਸੀ.ਈ.ਆਰ.ਟੀ ਪੰਜਾਬ।
5. ਸ਼੍ਰੀ ਦਵਿੰਦਰ ਬੋਹਾ, ਇੰਚਾਰਜ, 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' (ਪ੍ਰਾਇਮਰੀ)।
6. ਐਮ.ਐਫ (ਏ), ਸਬੰਧਤ ਵਿਸ਼ਾ ਮਾਹਿਰ, ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ, ਐਜੂਸੈਟ।
7. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਅਤੇ ਨੋਟਿਸ ਬੋਰਡ ਤੇ ਉਪਲਬਧ ਕਰਾਉਣ ਹਿੱਤ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਐਜੂਸੈਟ ਸੁਸਾਇਟੀ**